This question paper contains 4 printed pages]

*Your Roll No*............................

**2649**

**B.A. (PROGRAMME)/I** **D-II**

PUNJABI LANGUAGE (C)—Paper I

(Basic Punjabi)

*Time* : 3 *Hours* *Maximum Marks* : 100

*(Write your Roll No. on the top immediately on receipt of this question paper.)*

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਪੁਲਿਸ ਕਮਿਸ਼ਨਰ ਨੂੰ ਆਪਣੇ ਇਲਾਕੇ ਵਿਚ ਵੱਧ ਰਹੀਆਂ ਚੋਰੀਆਂ ਤੋਂ ਜਾਣੂ ਕਰਾਉਂਦੇ ਹੋਏ ਉਨ੍ਹਾਂ ਦੀ ਰੋਕਥਾਮ ਲਈ ਬਿਨੈ-ਪੱਤਰ ਲਿਖੋ। 20

**ਜਾਂ**

ਆਪਣੇ ਪਿਤਾ ਜੀ ਨੂੰ ਇਮਤਿਹਾਨਾਂ ਤੋਂ ਪਹਿਲਾਂ ਘਰ ਨਾ ਆ ਸਕਣ ਬਾਰੇ ਚਿੱਠੀ ਲਿਖੋ।

2. ਕਿਸੇ **ਇਕ** ਵਿਸ਼ੇ 'ਤੇ ਸਾਹਿਤਕ ਪੈਰ੍ਹਾ ਲਿਖੋ : 15

i) ਔਰਤਾਂ ਪ੍ਰਤੀ ਵੱਧ ਰਹੇ ਅਪਰਾਧ

ii) ਮੋਬਾਈਲ ਫੋਨ

iii) ਮੇਰਾ ਮਿੱਤਰ

3. ਹੇਠ ਲਿਖੇ ਵਿਆਕਰਣਕ ਸੰਕਲਪਾਂ ਦੀ ਪਰਿਭਾਸ਼ਾ ਦਸਦੇ ਹੋਏ ਘੱਟ-ਤੋਂ-ਘੱਟ **ਦੋ-ਦੋ** ਉਦਾਹਰਣ ਦਿਉ। 3×5=15

i) ਕਿਰਿਆਂ

ii) ਕਿਰਿਆਂ ਵਿਸ਼ੇਸ਼ਣ

iii) ਯੋਜਕ

4. ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਦਸਦੇ ਹੋਏ ਲਿਖੋ ਕਿ ਪੰਜਾਬੀ ਭਾਸ਼ਾ ਲਈ ਇਹ ਕਿਉਂ ਅਤੇ ਕਿਵੇਂ ਸਾਰਥਕ ਹੈ? 15

5. ਹੇਠ ਲਿਖਿਆਂ ਦੇ ਉੱਤਰ ਦਿਉ :-

(ੳ) ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਵਰਤੋ : 05

i) ਇਕੋ ਸਮੇਂ ਦੇ ਮਨੁੱਖ

ii) ਸੇਵਾ ਕਰਨ ਵਾਲਾ

iii) ਕੰਮ ਤੋਂ ਜੀਅ ਚੁਰਾਉਣ ਵਾਲਾ

iv) ਉਹ ਜੋ ਰੱਬ ਨੂੰ ਮੰਨਦਾ ਹੋਵੇ

v) ਹਰ ਇਕ ਨੂੰ ਪਿਆਰ ਕਰਨ ਵਾਲਾ।

(ਅ) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ : 05

ਗਿਯਾਨੀ, ਜੈਯ, ਬੋਹਤ, ਰੈਹੰਦਾ, ਐਤਵਾਰ।

(ਏ) ਹੇਠ ਲਿਖੇ ਸ਼ਬਦਾਂ ਦੇ ਉਲਟ ਭਾਵੀ ਸ਼ਬਦ ਲਿਖੋ : 05

ਖ਼ਾਸ, ਚੜ੍ਹਨਾ, ਮਹਿੰਗਾ, ਬਾਹਰ, ਚਿੱਟਾ।

(ਸ) ਬਹੁਅਰਥਕ ਸ਼ਬਦਾਂ ਤੋਂ ਦੋ-ਦੋ ਸ਼ਬਦ ਬਣਾਉ : 05

ਹਾਰ, ਉੱਤਰ, ਪੱਕਾ, ਦਰ, ਫੁੱਲ।

6. ਹੇਠ ਦਿਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਦੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ। 15

ਗਰਮੀਆਂ ਦਾ ਮੌਸਮ ਸੀ। ਰੋਜ਼ਾਨਾ ਤਾਪਮਾਨ $45^0$ ਤੋਂ ਘੱਟ ਨਹੀਂ ਸੀ ਰਿਹਾਂ। ਅਸਮਾਨ ਤੇ ਧੂੜ ਚੜ੍ਹੀ ਰਹਿੰਦੀ। ਮੀਂਹ ਵੀ ਨਾ ਪੈਂਦਾ। ਧਰਤੀ ਹੇਠ ਵੀ ਪਾਣੀ ਘੱਟ ਰਿਹਾ ਸੀ। ਸ਼ਹਿਰ ਦੀਆਂ ਟੂਟੀਆਂ ਵਿਚ ਵੀ ਪਾਣੀ ਸਵੇਰ ਸ਼ਾਮ ਹੀ ਆਉਂਦਾ। ਬਿਜਲੀ ਵੀ ਜਾਂਦੀ ਰਹਿੰਦੀ। ਸਮਾਂ ਔਖਾ ਗੁਜ਼ਰ ਰਿਹਾ ਸੀ ਪਰ ਲੋਕ ਭੱਜੇ ਹੀ ਜਾਂਦੇ ਸਨ। ਸੜਕਾਂ ਤੇ ਮੋਟਰਾਂ ਗੱਡੀਆਂ ਦੀ ਗਿਣਤੀ ਘਟੀ ਨਹੀਂ ਸੀ। ਸਕੂਲ, ਕਾਲਜ ਭਾਵੇਂ ਬੰਦ ਸਨ ਪਰ ਸਰਕਾਰੀ ਤੇ ਨਿੱਜੀ ਖੇਤਰ ਦੇ ਦਫ਼ਤਰਾਂ ਅਤੇ ਅਦਾਰਿਆਂ ਦੀ ਹਾਜ਼ਰੀ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ। ਸਭ ਤੋਂ ਵੱਧ ਗੱਲ ਤਾਂ ਉਨ੍ਹਾਂ ਮਜ਼ਦੂਰਾਂ ਦੀ ਸੀ ਜੋ ਕਿਸੇ ਵੀ ਮੌਸਮ

ਵਿਚ ਆਪਣੇ ਕੰਮ ਤੇ ਡਟੇ ਰਹਿੰਦੇ ਹਨ। ਧੁੱਪ ਵਿਚ ਮੁੜ੍ਹਕਾ ਭਾਵੇਂ ਚੋਂਦਾ ਹੋਵੇ ਪਰ ਉਹ ਨਿਰੰਤਰ ਕੰਮ ਵਿਚ ਰੁੱਝੇ ਰਹਿੰਦੇ ਹਨ। ਗਰਮੀ ਤੇ ਧੂੜ ਮਿੱਟੀ ਦੀ ਇਸ ਪ੍ਰੀਖਿਆ ਵਿਚੋਂ ਹਰ ਕਿਸੇ ਨੂੰ ਨਿਤਰਨਾ ਪੈਂਦਾ ਹੈ, ਰੋਟੀ ਦਾ ਮਾਮਲਾ ਜੁ ਹੋਇਆ।

i) ਗਰਮੀਆਂ ਦੇ ਮੌਸਮ ਵਿਚ ਰੋਜ਼ਾਨਾ ਤਾਪਮਾਨ ਕਿੰਨਾ ਰਹਿੰਦਾ ਹੈ ?

ii) ਗਰਮੀ ਤੇ ਧੂੜ ਮਿੱਟੀ ਦੀ ਪ੍ਰੀਖਿਆ ਵਿਚੋਂ ਕਿਸ ਨੂੰ ਨਿਤਰਨਾ ਪੈਂਦਾ ਹੈ ਤੇ ਕਿਉਂ ?

iii) 'ਮੀਂਹ', 'ਔਖਾ' ਅਤੇ 'ਮੁੜ੍ਹਕਾ' ਸ਼ਬਦਾਂ ਦੇ ਅਰਥ ਲਿਖੋ।

iv) ਇਸ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ।